ISSN: 2584-0509



# ਸੁਰਜੀਤ ਪਾਤਰ ਦੀ ਕਵਿਤਾ ਵਿੱਚ ਪੰਜਾਬ ਦੇ ਬਿੰਬ ਦੀ ਪੇਸ਼ਕਾਰੀ



ਗਗਨਦੀਪ ਸਿੰਘ
ਅਬਲੋਵਾਲ ਖੋਜਾਰਥੀ,
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ
gaganablowal1991@gmail.com

ਸਾਹਿਤ ਸੰਸਾਰ ਵਿੱਚ ਸੁਰਜੀਤ ਪਾਤਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ, ਉਹ ਪੰਜਾਬੀ ਸ਼ਾਇਰੀ ਦਾ ਸਿਰਤਾਜ ਹੈ। ਪਾਤਰ ਉਨ੍ਹਾਂ ਚੰਦ ਸ਼ਾਇਰਾਂ 'ਚੋਂ ਹੈ ਜੋ ਸਾਹਿਤ-ਜਗਤ ਤੋਂ ਬਾਹਰ ਜਨ-ਸਾਧਾਰਣ ਵਿੱਚ ਵੀ ਮਕਬੂਲ ਹੋਏ ਹਨ। ਉਸਦੀ ਮਕਬੂਲੀਅਤ ਦਾ ਅੰਦਾਜਾ ਇਸ ਗੱਲ ਤੋਂ ਹੀ ਹੋ ਜਾਂਦਾ ਹੈ ਕਿ ਲਗਭਗ ਹਰ ਜਨ-ਸਭਾ, ਧਰਨਾ, ਰੋਸ-ਮੁਜਾਹਰਾ ਆਦਿ ਵਿੱਚ ਕੋਈ ਗੈਰ-ਸਾਹਿਤਕ ਬੁਲਾਰਾ ਵੀ ਪਾਤਰ ਦੀ ਕਿਸੇ ਨਾ ਕਿਸੇ ਗਜ਼ਲ, ਨਜ਼ਮ ਨੂੰ ਜਰੂਰ ਗੁਣਗੁਣਾਉਂਦਾ ਹੈ। ਇਸ ਵਰਤਾਰੇ ਤੋਂ ਪਾਤਰ ਦੀ ਪ੍ਰਸਿੱਧੀ ਦੇ ਨਾਲ ਨਾਲ ਉਸਦੀ ਵੱਡੇ ਪੱਧਰ 'ਤੇ ਲੋਕ-ਪ੍ਰਵਾਨਗੀ ਦਾ ਵੀ ਪ੍ਰਮਾਣ ਮਿਲਦਾ ਹੈ। ਉਸਦਾ ਰਚਨਾ-ਕਾਲ ਲਗਭਗ ਪੰਜ ਦਹਾਕਿਆਂ ਤੱਕ ਫੈਲਿਆ ਹੋਇਆ ਹੈ। ਉਸਦਾ ਪਹਿਲਾ ਕਾਵਿ-ਸੰਗ੍ਰਹਿ 'ਕੋਲਾਜ਼'(1973) ਹੈ, ਜੋ ਉਸਨੇ ਆਪਣੇ ਦੋ ਦੋਸਤਾਂ ਨਾਲ ਮਿਲ ਕੇ ਸੰਯੁਕਤ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਇਸਤੋਂ ਇਲਾਵਾ ਉਸਦੀਆਂ ਕੁਝ ਮਹੱਤਵਪੂਰਨ ਕਾਵਿ-ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ: ਹਵਾ ਵਿਚ ਲਿਖੇ ਹਰਫ਼(1979), ਬਿਰਖ਼ ਅਰਜ਼ ਕਰੇ(1992), ਹਨੇਰੇ ਵਿਚ ਸੁਲਘਦੀ ਵਰਣਮਾਲਾ(1992), ਸੁਰਜ਼ਮੀਨ(2008), ਲਫ਼ਜਾਂ ਦੀ ਦਰਗਾਹ(2012), ਪੱਤਝੜ ਦੀ ਪਾਜੇਬ ਆਦਿ। ਹਨੇਰੇ ਵਿਚ ਸੁਲਘਦੀ ਵਰਣਮਾਲਾ ਲਈ ਉਸਨੂੰ ਸਾਹਿਤ ਅਕਾਦਮੀ ਪੁਰਸਕਾਰ ਅਤੇ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸ਼੍ਰੋਮਣੀ ਕਵੀ' ਦਾ ਦਰਜਾ ਮਿਲ ਚੁੱਕਾ ਹੈ। ਬਿਰਲਾ ਫਾਊਂਡੇਸ਼ਨ ਵੱਲੋਂ 2009 ਵਿੱਚ 'ਸਰਸਵਤੀ ਪੁਰਸਕਾਰ' ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਇਸਤੋਂ ਇਲਾਵਾ ਪਾਤਰ ਨੂੰ ਹੋਰ ਵੀ ਕਈ ਮਾਣ-ਸਨਮਾਣ ਮਿਲ ਚੁੱਕੇ ਹਨ। ਕਿਸੇ ਸ਼ਾਇਰ ਲਈ ਸਭ ਤੋਂ ਵੱਡਾ ਸਨਮਾਣ ਉਦੋਂ ਹੁੰਦਾ ਹੈ ਜਦੋਂ ਉਸਦੀ ਸ਼ਾਇਰੀ ਸਾਧਾਰਣ ਲੋਕਾਂ ਦੀ ਜੁਬਾਨ 'ਤੇ ਚੜ੍ਹ ਜਾਏ। ਇਹ ਮਾਣ ਸੁਰਜੀਤ ਪਾਤਰ ਨੂੰ ਪ੍ਰਾਪਤ ਹੋਇਆ ਹੈ। ਉੱਘੇ ਕਾਵਿ-ਆਲੋਚਕ ਡਾ. ਯੋਗਰਾਜ ਦਾ ਪਾਤਰ ਬਾਰੇ ਇਹ ਕਥਨ ਬਿਲਕੁਲ ਢੁਕਵਾਂ ਜਾਪਦਾ ਹੈ: ਜੇ ਇਹ ਕਹਿ ਲਿਆ ਜਾਵੇ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਜਿੰਨੀ ਪ੍ਰਸਿੱਧੀ ਅਤੇ ਮਕਬੂਲੀਅਤ ਪੰਜਾਬੀ ਕਵਿਤਾ ਵਿੱਚ ਪਾਤਰ ਨੂੰ ਮਿਲੀ ਹੈ ਸ਼ਾਇਦ ਹੀ ਕਿਸੇ ਹੋਰ ਸਮਕਾਲੀ ਕਵੀ ਨੂੰ ਮਿਲੀ ਹੋਵੇ।[1]

ਪਾਤਰ ਇੱਕ ਪ੍ਰਤੀਬੱਧ ਸ਼ਾਇਰ ਹੈ। ਉਸਦੀ ਪ੍ਰਤੀਬੱਧਤਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਹੈ। ਉਸਨੇ ਬਹੁਤ ਸਾਰੀਆਂ ਕਵਿਤਾਵਾਂ ਪੰਜਾਬ ਨੂੰ ਸੰਬੋਧਿਤ ਹੋਕੇ

ਲਿਖੀਆਂ ਹਨ। ਉਹ ਪੰਜਾਬ ਦੀ ਵੰਡ ਤੇ ਪੰਜਾਬ ਸੰਕਟ ਤੋਂ ਲੈ ਕੇ ਵਰਤਮਾਨ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਨੂੰ ਆਪਣੀ ਸ਼ਾਇਰੀ ਰਾਹੀਂ ਪ੍ਰਗਟ ਕਰਦਾ ਹੈ। ਉਸਦੀ ਕਵਿਤਾ ਪੰਜਾਬ ਦੇ ਯਥਾਰਥ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਉਹ ਪੰਜਾਬੀ ਸਮਾਜ-ਸਭਿਆਚਾਰ ਵਿੱਚੋਂ ਬਿੰਬ, ਪ੍ਰਤੀਕ, ਭਾਸ਼ਾ ਆਦਿ ਦੀ ਵਰਤੋਂ ਕਰਦਾ ਹੈ। ਡਾ. ਸਤਿੰਦਰ ਨੂਰ, ਪਾਤਰ ਦੀ ਮਕਬੂਲੀਅਤ ਤੇ ਲੋਕ-ਪ੍ਰਵਾਨਗੀ ਬਾਰੇ ਲਿਖਦੇ ਹਨ:-"ਬਾਬਾ ਨਾਨਕ, ਬਾਬਾ ਫ਼ਰੀਦ ਨੂੰ ਇਸ ਦ੍ਰਿਸ਼ਟੀ ਤੋਂ ਦੇਖਣ ਦਾ ਯ਼ਤਨ ਕਰਦਾ ਹਾਂ ਤੇ ਇਹ ਤਲਾਸ਼ਦਾ ਹਾਂ ਕਿ ਉਨ੍ਹਾਂ ਦੀ ਪੰਜਾਬ ਦੀ ਮਿੱਟੀ, ਪੰਜਾਬੀ ਦੀ ਧਰਤੀ ਜਾਂ ਪੰਜਾਬ ਦੇ ਸਮਾਜ ਤੇ ਸਭਿਆਚਾਰ ਨਾਲ ਜੋ ਪ੍ਰਤਿਬੱਧਤਾ ਹੈ, ਉਹ ਉਨ੍ਹਾਂ ਨੂੰ ਮਕਬੂਲ ਬਣਾਉਂਦੀ ਹੈ।...ਇਸ ਕਾਵਿ (ਪਾਤਰ ਕਾਵਿ) ਦੇ ਪੰਜਬੀ ਪਾਠਕ ਵਿੱਚ ਮਕਬੂਲ ਹੋਣ ਦੇ ਕਾਰਨ ਵੀ ਇਹੀ ਹਨ।[2] ਪਾਤਰ ਆਪਣੇ ਇੱਕ ਸ਼ੇਅਰ ਵਿੱਚ ਸਮਾਜ ਤੇ ਆਪਣੇ ਕਾਵਿ-ਕਰਮ ਪ੍ਰਤੀ ਪ੍ਰਤੀਬੱਧਤਾ ਬਾਰੇ ਐਲਾਨ ਕਰਦਾ ਲਿਖਦਾ ਹੈ:

ਅਸਾਂ ਤਾਂ ਡੁੱਬ ਕੇ ਸਦਾ ਖ਼ੂਨ ਵਿਚ ਲਿਖੀ ਏ ਗ਼ਜ਼ਲ
ਉਹ ਹੋਰ ਹੋਣਗੇ ਨੇ ਲਿਖਦੇ ਨੇ ਜਿਹੜੇ ਬਹਿਰ ਅੰਦਰ[3]

ਉਪਰੋਕਤ ਸਤਰਾਂ ਰਾਹੀਂ ਪਾਤਰ ਆਪਣਾ ਕਾਵਿ-ਪ੍ਰਯੋਜਨ ਵੀ ਸਪੱਸ਼ਟ ਕਰ ਦਿੰਦਾ ਹੈ। ਉਸ ਲਈ ਕਵਿਤਾ ਮਹਿਜ਼ ਸੁਹਜਾਤਮਕ ਤ੍ਰਿਪਤੀ ਦਾ ਸਾਧਨ ਨਹੀਂ ਹੈ ਅਤੇ ਨਾਂ ਹੀ ਉਹ 'ਕਲਾ ਕਲਾ ਲਈ' ਦੀ ਵਿਚਾਰਧਾਰਾ ਤਹਿਤ ਲਿਖਦਾ ਹੈ। ਕਾਵਿ ਸਿਰਜਣਾ ਉਸ ਲਈ ਇੱਕ ਨੈਤਿਕਿ ਜਿੰਮੇਵਾਰੀ ਵਾਲਾ ਕਾਰਜ ਵੀ ਹੈ।

ਸੁਰਜੀਤ ਪਾਤਰ ਦਾ ਜਨਮ ਪੰਜਾਬ ਵਿਚ ਹੋਣ ਕਰਕੇ ਜਾਂ ਉਸਦੀ ਸ਼ਾਇਰੀ ਦਾ ਮਾਧਿਅਮ ਪੰਜਾਬੀ ਹੋਣ ਕਰਕੇ ਹੀ ਉਹ ਪੰਜਾਬ ਦਾ ਸ਼ਾਇਰ ਨਹੀਂ ਬਣ ਜਾਂਦਾ ਸਗੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਤੇ ਹੋਣੀ ਨਾਲ ਜੁੜੇ ਵਿਭਿੰਨ ਮਸਲਿਆਂ ਨੂੰ ਆਪਣੀ ਸ਼ਾਇਰੀ ਰਾਹੀਂ ਸੁਚੇਤ ਰੂਪ ਵਿਚ ਉਠਾਉਣ ਕਰਕੇ ਹੀ ਉਹ ਸਹੀ ਅਰਥਾਂ ਵਿਚ ਪੰਜਾਬ ਦਾ ਸਿਰਮੌਰ ਸ਼ਾਇਰ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ। ਉਸਦੀ ਸ਼ਾਇਰੀ ਪੰਜਾਬ ਦੀਆਂ ਸਮਕਾਲੀਨ ਸਮੱਸਿਆਂਵਾ ਨੂੰ ਹੀ ਨਹੀਂ ਪੇਸ਼ ਕਰਦੀ ਸਗੋਂ ਇਹ ਵੀਹਵੀਂ ਸਦੀ ਵਿਚ ਪੰਜਾਬ ਵਿਚ ਵਾਪਰੀਆਂ ਕਈ ਰਾਜਸੀ/ ਇਤਿਹਾਸਕ ਘਟਨਾਵਾਂ/ਵਰਤਾਰਿਆਂ ਦਾ ਇਤਿਹਾਸ ਵੀ ਹੈ। ਪਾਤਰ ਕਾਵਿ ਨੂੰ ਜਦੋਂ ਅਸੀ ਮੁੱਢ ਤੋਂ ਪੜ੍ਹਨਾਂ ਸ਼ੁਰੂ ਕਰਦੇ ਹਾ ਤਾਂ ਉਸਦੀ ਸ਼ਾਇਰੀ ਵਿਚ ਇੱਕ ਇਤਿਹਾਸਕ ਨਿਰੰਤਰਤਾ ਦਾ ਅਹਿਸਾਸ ਹੁੰਦਾ ਹੈ। ਇਹ ਇਤਿਹਾਸਕ ਨਿਰੰਤਰਤਾ

ਸਿਰਫ਼ ਉਸਦੀ ਕਾਵਿ-ਸਿਰਜਣਾ ਦੀ ਹੀ ਨਹੀਂ ਹੈ ਸਗੋਂ ਇਹ ਪੰਜਾਬ ਦੇ ਇਤਿਹਾਸਿਕ ਦੀ ਵੀ ਹੈ। "ਸੁਰਜੀਤ ਪਾਤਰ ਦੀਆਂ ਸੱਜਰੀਆਂ ਕਵਿਤਾਵਾਂ ਵਿਚੋਂ ਵੀ ਪੰਜਾਬੀ ਕੌਮ ਦੀ ਸੰਕਟਗ੍ਰਸਤ ਸਭਿਆਚਾਰਕ ਸਥਿਤੀ ਤੇ ਪੰਜਾਬੀ ਕਵਿਤਾ ਦੀ ਅਜੋਕੀ ਦਸ਼ਾ ਤੇ ਦਿਸ਼ਾ ਦਾ ਪਤਾ ਲਗਦਾ ਹੈ।"[4] ਕਿਸੇ ਵੀ ਕਾਵਿ ਦੀ ਮਹਾਨਤਾ ਉਸਦੀ ਇਸ ਵਿਸ਼ੇਸ਼ਤਾ ਵਿਚ ਨਿਹਿਤ ਹੁੰਦੀ ਹੈ ਕਿ ਉਹ ਮਹਿਜ਼ ਇੱਕ ਸ਼ਾਬਦਿਕ-ਸੰਰਚਨਾ ਹੀ ਨਹੀਂ ਹੁੰਦਾ ਸਗੋਂ ਉਹ ਆਪਣੇ ਸਮਕਾਲੀਨ ਸਮਾਜ ਦੀ ਆਲੋਚਨਾਤਮਕ ਤਸਵੀਰ ਵੀ ਹੁੰਦਾ ਹੈ ਜਿਸਦੀ ਪ੍ਰਸੰਗਿਕਤਾ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਬਣੀ ਰਹਿੰਦੀ ਹੈ। ਪੰਜਾਬ ਵੰਡ ਬਾਰੇ ਲਿਖੀਆਂ ਪਾਤਰ ਦੀਆਂ ਕਵਿਤਾਵਾਂ ਅੱਜ ਵੀ ਮਾਨਵੀ-ਦੁਖਾਂਤ ਦੇ ਉਸ ਭਾਵ ਬੋਧ ਦਾ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਦੇ ਸਮਰੱਥ ਹਨ। ਉਹ ਜਿਨ੍ਹਾਂ ਬਿੰਬਾਂ, ਪ੍ਰਤੀਕਾਂ ਦੀ ਵਰਤੋਂ ਕਰਦਾ ਹੈ, ਉਹ ਵਰ੍ਹਿਆਂ ਪਹਿਲਾਂ ਵਾਪਰੇ ਪੰਜਾਬ ਦੀ ਉਸ ਤ੍ਰਾਸ਼ਦਿਕ ਘਟਨਾਂ ਨੂੰ ਜੀਵੰਤ ਕਰ ਦਿੰਦੇ ਹਨ। ਆਪਣੀ ਕਵਿਤਾ ਧਰਤੀ ਵਿੱਚ ਪਾਤਰ ਲਗਭਗ ਪੌਣੀ ਸਦੀ ਪਹਿਲਾਂ ਵਾਪਰੀ ਦੇਸ਼-ਵੰਡ ਨੂੰ ਬੜੇ ਸੂਖ਼ਮਤਾ ਸਹਿਤ ਪੇਸ਼ ਕਰਦਾ ਹੈ। ਦੇਸ਼-ਵੰਡ ਮਹਿਜ਼ ਭੂਗੋਲਿਕ ਖਿੱਤੇ ਦੀ ਵੰਡ ਨਹੀਂ ਸੀ, ਇਹ ਸਾਂਝੇ ਪੰਜਾਬੀ ਸਭਿਆਚਾਰ, ਲੋਕਧਾਰਾ ਤੇ ਇਤਿਹਾਸ ਦੀ ਵੰਡ ਵੀ ਸੀ:

ਸੁਣਿਆ ਸੀ ਪਾਣੀ ਨੂੰ ਕੋਈ ਖੰਜਰ ਚੀਰ ਨਾ ਸਕਿਆ
ਪਰ ਰਾਵੀ ਦੋ ਟੁਕੜੇ ਹੋਈ, ਅਸੀ ਤਾਂ ਅੱਖੀਂ ਤੱਕਿਆ
ਨਾਲ ਨਮੋਸ਼ੀ ਪਾਣੀ ਪਾਣੀ ਹੋਏ ਝਨਾਂ ਦੇ ਪਾਣੀ
ਨਫ਼ਰਤ ਦੇ ਵਿਚ ਡੁੱਬ ਕੇ ਮਰ ਗਈ ਹਰ ਇੱਕ ਪ੍ਰੀਤ-ਕਹਾਣੀ[5]

ਕਵੀ ਪੰਜਾਬ ਦੀ ਜੋ ਸਮਕਾਲੀਨ ਤਸਵੀਰ ਪੇਸ਼ ਕਰਦਾ ਹੈ, ਉਹ ਖੌਫ਼ਨਾਕ ਹੈ। ਉਸ ਨੂੰ ਕਿਸੇ ਵੀ ਤਰ੍ਹਾਂ ਸੰਤੁਸ਼ਟੀਜਨਕ ਨਹੀਂ ਕਿਹਾ ਜਾ ਸਕਦਾ ਹੈ। ਇਹਨਾਂ ਸਮਿਆਂ ਵਿਚ ਪੰਜਾਬ ਜਿਨ੍ਹਾਂ ਸੰਕਟਾਂ ਸਾਹਵੇਂ ਖੜ੍ਹਾ ਹੈ, ਉਹ ਪੰਜਾਬ ਦੀ ਹੋਂਦ ਤੇ ਹੋਣੀ ਲਈ ਚੁਣੌਤੀਪੂਰਨ ਹਨ ਤੇ ਉਨ੍ਹਾਂ ਨੂੰ ਸਹੀ ਪਰਿਪੇਖ ਵਿਚ ਮੁਖਾਤਿਬ ਹੋਣਾ ਜਰੂਰੀ ਹੈ। ਪਾਤਰ-ਕਾਵਿ ਪੰਜਾਬ ਦੇ ਇਨ੍ਹਾਂ ਹੀ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ। ਆਪਣੀ ਸ਼ਾਇਰੀ ਵਿਚ ਪਾਤਰ ਪੰਜਾਬ ਦਾ ਜੋ ਬਿੰਬ ਪੇਸ਼ ਕਰਦਾ ਹੈ, ਉਹ ਪੰਜਾਬੀ ਦੇ ਪ੍ਰੰਪਰਾਗਤ ਕਵੀਆਂ ਦੁਆਰਾ ਪੇਸ਼ ਬਿੰਬ ਤੋਂ ਵੱਖਰਾ ਹੈ। ਉਹ ਪੰਜਾਬ ਦਾ ਰੁਮਾਂਟਿਕ ਬਿੰਬ ਸਿਰਜਣ ਦੀ ਬਜਾਇ ਪੰਜਾਬ ਦੇ ਯਥਾਰਥ ਨੂੰ ਪੇਸ਼ ਕਰਦਾ ਹੈ। ਉਸਦੀ ਸ਼ਾਇਰੀ ਵਿਅਕਤੀਗਤ ਮਸਲਿਆਂ ਦੀ ਪੇਸ਼ਕਾਰੀ ਨਹੀਂ ਹੈ ਸਗੋਂ ਉਹ ਸਮੁੱਚੇ ਪੰਜਾਬ ਦੇ ਸਾਂਝੇ ਮਸਲਿਆਂ ਦੀ ਤਰਜ਼ਮਾਨੀ ਕਰਦੀ ਹੋਈ ਪੰਜਾਬ ਦੀ ਆਵਾਜ਼

ਬਣਦੀ ਹੈ। ਉਹ ਪ੍ਰਸਥਿਤੀਆਂ ਨੂੰ ਪੇਸ਼ ਕਰਦਾ ਹੋਇਆ ਉਨ੍ਹਾਂ ਵਿਚ ਇੱਕ ਤਣਾਓ ਸਿਰਜਦਾ ਹੈ। ਇਸ ਤਣਾਓ ਦਾ ਸਿਖ਼ਰ ਵਿਅੰਗ ਹੈ। ਤਣਓ ਤੇ ਵਿਅੰਗ ਉਸਦੀ ਸ਼ਾਇਰੀ ਦੀ ਕੇਂਦਰੀ ਜੁਗਤ ਵਜੋਂ ਪੇਸ਼ ਹੁੰਦੇ ਹਨ। "ਤਣਾਓ ਸੁਰਜੀਤ ਪਾਤਰ ਦੀ ਕਵਿਤਾ ਦਾ ਉਹ ਮਸਲਾ ਹੈ ਜਿਹੜਾ ਕਾਵਿ ਨੂੰ ਇਕਤਰਫਾ ਸੰਕਟ ਦਾ ਸ਼ਿਕਾਰ ਨਹੀਂ ਹੋਣ ਦਿੰਦਾ। ਉਹ ਸਮਾਜਕ ਵਿਰੋਧਾਂ ਪ੍ਰਤੀ ਬੋਲ ਰਿਹਾ ਹੋਵੇ ਚਾਹੇ ਮੁਹੱਬਤ ਪ੍ਰਤੀ ਭਾਵ-ਸੰਚਾਰ ਰਿਹਾ ਹੋਵੇ, ਤਣਾਓ ਕੇਂਦਰ ਵਿਚ ਟਿਕਿਆ ਜੁਜ਼ ਹੈ।"[6] ਪਾਤਰ ਜਦੋਂ ਪੰਜਾਬ ਦੇ ਮੁੱਦਿਆਂ ਬਾਰੇ ਕਵਿਤਾ ਰਚਦਾ ਹੈ ਤਾਂ ਉਹ ਭਾਵੁਕਤਾ ਦਾ ਸ਼ਿਕਾਰ ਨਹੀਂ ਹੁੰਦਾ ਸਗੋਂ ਉਹ ਪੰਜਾਬ ਦੀ ਤ੍ਰਾਸਦਿਕ ਸਥਿਤੀ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਤਲਾਸ਼ਦਾ ਹੈ। ਪੰਜਾਬ ਦੀ ਸਮਕਾਲੀਨ ਸਥਿਤੀ ਹਰ ਪੰਜਾਬੀ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਬੇਸ਼ੱਕ ਪੰਜਾਬ ਬਹੁਤ ਸਾਰੀਆਂ ਸਮਾਜਿਕ/ਰਾਜਸੀ ਉੱਥਲ-ਪੁਥਲ ਦੇ ਦੌਰ ਵਿਚੋਂ ਗੁਜ਼ਰਦਾ ਰਿਹਾ ਹੈ ਪਰ ਇਸਨੇ ਕਦੇ ਵੀ ਕਿਸੇ ਦੀ ਈਨ ਨਹੀਂ ਮੰਨੀ। ਪੰਜਾਬੀ ਕਠਿਨ ਤੋਂ ਕਠਿਨ ਪ੍ਰਸਥਿਤੀ ਵਿਚ ਵੀ ਰਣ ਵਿਚ ਸਾਹਸ ਨਾਲ ਜੂਝਦੇ ਆਏ ਹਨ। ਪੰਜਾਬ ਦਾ ਬਿੰਬ ਮੁੱਢ ਤੋਂ ਹੀ ਅਣਖੀ ਤੇ ਜੁਝਾਰੂ ਦਾ ਰਿਹਾ ਹੈ ਪਰ ਪਾਤਰ ਜੋ ਬਿੰਬ ਉਭਾਰ ਰਿਹਾ ਹੈ ਉਹ ਉਪਰੋਕਤ ਬਿੰਬ ਤੋਂ ਵਿਪਰੀਤ ਤੇ ਦੁਖਦਾਈ ਹੈ:

ਮੇਰੇ ਪੰਜਾਬ ਨੇ ਤਾਂ ਬਹੁਤ ਚਿਰ ਹੋਇਆ
ਖੁਦਕੁਸ਼ੀ ਕਰ ਲਈ ਸੀ
ਤੇ ਉਸਦੇ ਪੰਜਿਆਂ ਵਿੱਚੋਂ
ਕੋਈ ਆਇਤ, ਸ਼ਬਦ ਕੋਈ
ਸੀ ਲਿਖਿਆ ਇਸ ਤਰ੍ਹਾਂ ਮਿਲਿਆ
ਮੇਰਾ ਕਾਤਿਲ ਨਹੀਂ ਕੋਈ
ਮੇਰੀ ਹੱਤਿਆ ਕਿਸੇ ਹੱਥੋਂ ਨਹੀਂ ਹੋਈ
ਮੈਂ ਆਤਮਘਾਤ ਕੀਤਾ ਹੈ।[7]

ਪੰਜਾਬੀ ਸਭਿਆਚਾਰ ਬਹੁਤ ਅਮੀਰ ਹੈ। ਇਹ ਬਹੁਰੰਗੀ ਤੇ ਬਹੁਪੱਖੀ ਹੈ। ਭੰਗੜਾ, ਗਿੱਧਾ, ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ ਤੇ ਲੱਸੀ ਆਦਿ ਸਭਿਆਚਾਰਕ ਪੱਖੋਂ ਤੇ ਪੰਜਾਬ ਦੇ ਪੰਜ ਦਰਿਆ ਭੂਗੋਲਿਕ ਪੱਖੋਂ ਕਿਸੇ ਸਮੇਂ ਪੰਜਾਬ ਦੇ ਪਛਾਣ-ਚਿੰਨ੍ਹ ਰਹੇ ਹਨ। ਭੂਗੋਲਿਕ ਪੱਧਰ 'ਤੇ ਦੇਖਿਆ ਜਾਵੇ ਤਾਂ ਪੰਜਾਬ ਦੀ ਹੋਂਦ ਇਸਦੇ ਦਰਿਆਵਾਂ ਕਰਕੇ ਹੀ ਰਹੀ ਹੈ। ਪੰਜਾਬ

ਦਾ ਨਾਮਕਰਣ ਵੀ ਇੱਥੇ ਵਹਿੰਦੇ ਪੰਜ ਦਰਿਆਵਾਂ ਕਰਕੇ ਹੀ ਹੋਂਦ ਵਿਚ ਆਇਆ ਸੀ। ਕਿਸੇ ਸਮੇਂ ਪੰਜਾਬ ਦੀ ਪ੍ਰਾਚੀਨ ਹੱਦ ਅੰਦਰ ਸੱਤ ਦਰਿਆ ਵੀ ਵਗਣ ਦੇ ਪ੍ਰਮਾਣ ਮਿਲਦੇ ਹਨ ਜਿਸ ਕਰਕੇ ਇਸਨੂੰ ਪ੍ਰਾਚੀਨ ਸਮਿਆਂ ਵਿਚ 'ਸਪਤਸਿੰਧੂ' ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਇੱਥੋਂ ਦੇ ਦਰਿਆਵਾਂ ਕਰਕੇ ਹੀ ਇਹ ਖਿੱਤਾ ਬਹੁਤ ਜਰਖੇਜ਼ ਰਿਹਾ ਹੈ। ਪੰਜਾਬ ਵਿਚ ਮੁੱਢ ਤੋਂ ਹੀ ਉਪਜਾਊ ਭੂਮੀ ਤੇ ਪਾਣੀ ਦੀ ਬਹੁਤਾਤ ਹੋਣ ਕਰਕੇ ਜੀਵਨ ਬੜਾ ਖੁਸ਼ਹਾਲ ਰਿਹਾ ਹੈ। ਵਿਸ਼ਵ ਦੇ ਵਿਭਿੰਨ ਖਿੱਤਿਆਂ ਵਿਚੋਂ ਲੋਕ ਆਕੇ ਇੱਥੇ ਵਸਦੇ ਰਹੇ ਹਨ। ਇਸ ਪ੍ਰਕਾਰ ਪੰਜਾਬ ਦੇ ਦਰਿਆ ਭੂਗੋਲਿਕ ਪੱਖੋਂ ਹੀ ਨਹੀਂ ਸਗੋਂ ਸਮਾਜ-ਸਭਿਆਚਾਰਕ ਪੱਖੋਂ ਵੀ ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ। ਲੰਬਾ ਸਮਾਂ ਇਹ ਦਰਿਆਂ ਲੋਕਾਂ ਦੀ ਜੀਵਨ-ਜਾਚ ਦਾ ਹਿੱਸਾ ਰਹੇ ਹਨ। ਸਮੁੱਚੇ ਪੰਜਾਬੀ ਸਾਹਿਤ ਤੇ ਲੋਕ-ਸਾਹਿਤ ਵਿਚ ਇਨ੍ਹਾਂ ਦਰਿਆਵਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਆਉਂਦਾ ਹੈ। ਮੁੱਢ ਤੋਂ ਹੀ ਇਹ ਦਰਿਆ ਪੰਜਾਬ ਦੀ ਹੋਂਦ ਦਾ ਆਧਾਰ ਰਹੇ ਹਨ। ਪਰ ਹੁਣ ਸਥਿਤੀ ਬਦਲ ਚੁੱਕੀ ਹੈ। ਪਾਤਰ ਆਪਣੀ ਸ਼ਾਇਰੀ ਵਿਚ ਪੰਜਾਬ ਦੇ ਦਰਿਆਵਾਂ ਦਾ ਜੋ ਬਿੰਬ ਪੇਸ਼ ਕਰ ਰਿਹਾ ਹੈ, ਉਹ ਉਪਰੋਕਤ ਵਰਣਿਤ ਦਰਿਆਵਾਂ ਦੇ ਬਿੰਬ ਨਾਲ ਮੇਲ ਨਹੀਂ ਖਾਂਦਾ। ਕਵੀ ਦੀ ਸੰਖੇਪ ਕਵਿਤਾ 'ਇਹ ਨੇ ਅੱਜਕਲ' ਪੰਜਾਬ ਬਾਰੇ ਬਹੁਤ ਡੂੰਘੇ ਤੇ ਪ੍ਰਸੰਗਾਤਮਿਕ ਅਰਥਾਂ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਪੰਜਾਬ ਦੇ ਇਤਿਹਾਸ ਵਿਚ ਵਾਪਰੀ ਉਸ ਪੈਰਾਡਾਈਮ ਸ਼ਿਫ਼ਟ ਨੂੰ ਦਰਸਾਉਂਦੀ ਹੈ ਜਿਸ ਵਿਚ ਪੰਜਾਬ ਆਪਣੇ ਖੁਸ਼ਹਾਲ ਤੇ ਅਣਖੀਲੇ ਬਿੰਬ ਤੋਂ ਕੰਗਾਲ ਤੇ ਲਾਚਾਰ ਪੰਜਾਬ ਵਿਚ ਰੂਪਾਂਤਰਿਤ ਹੋ ਜਾਂਦਾ ਹੈ। ਪੰਜਾਬ ਦੀ ਅਧੋਗਤੀ ਦੇ ਆਪਣੇ ਇਤਿਹਾਸਕ ਕਾਰਨ ਹਨ। ਕਵੀ ਪੰਜਾਬ ਦੀ ਇਸ ਅਧੋਗਤੀ ਨੂੰ ਕਿਸੇ ਸਮੇਂ ਪੰਜਾਬ ਦੇ ਗੌਰਵ ਰਹੇ ਇਸਦੇ ਦਰਿਆਵਾਂ ਦੇ ਸੰਦਰਭ ਵਿਚ ਹੀ ਪ੍ਰਸਤੁਤ ਕਰਦਾ ਹੈ:

ਮਾਤਮ
ਹਿੰਸਾ
ਖ਼ੌਫ਼
ਬੇਬਸੀ ਤੇ ਅਨਿਆਂ
ਇਹ ਨੇ ਅੱਜਕਲ
ਮੇਰੇ ਪੰਜਾਂ ਦਰਿਆਵਾਂ ਦੇ ਨਾਂ[8]

ਪਾਤਰ-ਕਾਵਿ ਵਿਚ ਪੰਜਾਬ ਦੀ ਵੀਹਵੀਂ ਤੇ ਇੱਕੀਵੀਂ ਸਦੀ ਦੀ ਇਤਿਹਾਸਕ ਤੌਰ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਉਸਦੀ ਸ਼ਾਇਰੀ ਵਿਚ ਪੇਸ਼ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ/ਸਥਿਤੀਆਂ ਅਜਿਹੀਆਂ ਹਨ ਜੋ ਕਈ ਅਰਸੇ ਬੀਤ ਜਾਣ ਉਪਰੰਤ ਵੀ ਪੜ੍ਹਦਿਆਂ ਜੀਵੰਤ ਹੋ ਜਾਂਦੀਆਂ ਹਨ। ਉਸਦੀ ਅਜਿਹੀ ਸ਼ਾਇਰੀ ਦੀ ਪ੍ਰਸੰਗਿਕਤਾ ਸਮਕਾਲ ਵਿਚ ਵੀ ਬਣੀ ਰਹਿੰਦੀ ਹੈ। ਪੰਜਾਬੀ ਕਵਿਤਾ ਵਿਚ ਪੰਜਾਬ ਸੰਕਟ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਤੇ ਨਿਰੰਤਰ ਲਿਖਿਆ ਜਾ ਰਿਹਾ ਹੈ। ਘਟਨਾ ਇਕੋ ਹੀ ਹੈ ਪਰ ਇਸਨੂੰ ਦੇਖਣ/ਪੇਸ਼ ਕਰਨ ਦੀ ਦ੍ਰਿਸ਼ਟੀ ਵੱਖੋ-ਵੱਖਰੀ ਹੈ। ਸੁਰਜੀਤ ਪਾਤਰ ਪੰਜਾਬ ਸੰਕਟ ਨੂੰ ਇਤਿਹਾਸ ਵਿਚ ਪਹਿਲਾਂ ਘਟਿਤ ਘਟਨਾਵਾਂ ਨਾਲ ਜੋੜ ਕੇ ਇਸਨੂੰ (ਪੰਜਾਬ ਸੰਕਟ) ਇਸਦੀਆਂ ਸਾਰੀਆਂ ਸੰਭਾਵਨਾਵਾਂ ਸਹਿਤ ਚਿਤਰਦਾ ਹੈ:

ਉਦੋਂ ਵਾਰਿਸ਼ ਸ਼ਾਹ ਨੂੰ ਵੰਡਿਆਂ ਸੀ,
ਹੁਣ ਸ਼ਿਵ ਕੁਮਾਰ ਦੀ ਵਾਰੀ ਏ।
ਉਹ ਜਖ਼ਮ ਪੁਰਾਣੇ ਭੁਲ ਵੀ ਗਏ,
ਨਵਿਆਂ ਦੀ ਜੋ ਫੇਰ ਤਿਆਰੀ ਏ।[9]

ਇੱਥੇ ਪਾਤਰ ਆਪਣੇ ਕਾਵਿ-ਪ੍ਰਯੋਜਨ ਪ੍ਰਤੀ ਪ੍ਰਤੀਬੱਧ ਰਹਿੰਦਾ ਹੈ। ਸਿੱਖ ਪਛਾਣ(Identity) ਨਾਲ ਜੁੜੇ ਹੋਣ ਦੇ ਬਾਵਜੂਦ ਇਸ ਮਸਲੇ ਪ੍ਰਤੀ ਭਾਵੁਕ ਪਹੁੰਚ ਨਾ ਅਪਣਾਉਂਦਿਆਂ ਉਹ ਇਸਨੂੰ ਫਿਰਕੂ ਰੰਗਤ ਨਹੀਂ ਦਿੰਦਾ। ਆਪਣੀ ਸ਼ਾਇਰੀ ਵਿਚ ਇਤਿਹਾਸਕ ਹਵਾਲੇ ਵਰਤ ਕੇ ਉਹ ਪਾਠਕਾਂ/ਸ੍ਰੋਤਿਆਂ ਨੂੰ ਇਸ ਮਜ਼ਹਬੀ ਕੱਟੜ੍ਹਤਾ ਤੇ ਫਿਰਕਾਪ੍ਰਸਤੀ ਤੋਂ ਬਚਣ ਦੀ ਨਸੀਹਤ ਦਿੰਦਾ ਹੈ। ਪਾਤਰ ਮਾਨਵਤਾ ਤੇ ਸਾਂਝੀਵਾਲਤਾ ਦੇ ਧਰਾਤਲ ’ਤੇ ਜਾ ਕੇ ਇਸ ਸੰਕਟ ਨੂੰ ਸਮਝਣ/ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਸ਼ਾਇਰੀ ਪੰਜਾਬ ਦੇ ਉਸ ਦੌਰ ਨੂੰ ਚਿਤਰਦੀ ਹੈ, ਜਦੋਂ ਬੰਦੇ ਦੀ ਪਛਾਣ ਫਿਰਕੂ ਤਾਕਤਾਂ ਨਿਰਧਾਰਿਤ ਕਰ ਰਹੀਆਂ ਸਨ। ਬੰਦਾ ਹਿੰਦੂ ਹੈ ਜਾਂ ਸਿੱਖ, ਬਸ ਇਸ ਤੋਂ ਬਿਨ੍ਹਾਂ ਉਸਦੀ ਕੋਈ ਹੋਰ ਪਛਾਣ ਨਹੀਂ ਸੀ ਰਹੀ। ਪਛਾਣ ਦੀ ਇਸ ਅਨੈਤਿਕ ਰਾਜਨੀਤੀ ਨੂੰ ਉਹ ਆਪਣੀਆਂ ਕਈ ਕਵਿਤਾਵਾਂ ਵਿਚ ਉਭਾਰਦਾ ਹੈ। ਇਹ ਉਹ ਸਮਾਂ ਸੀ ਜਦੋਂ ਬੰਦੇ ਦੀ ਪਛਾਣ ਤੈਅ ਕਰਨ ਦੇ ਮਾਪਦੰਡ ਅਚਾਨਕ ਬਦਲ ਗਏ ਸਨ। ਪਾਤਰ ਜਾਬਰ ਸੱਤਾ ਦੁਆਰਾ ਸੰਚਾਰਿਤ ਪਛਾਣ ਦੀ ਇਸ ਸੂਖ਼ਮ ਰਾਜਨੀਤੀ (Politics Of Identity ) ਨੂੰ ਆਪਣੀ ਕਵਿਤਾ ਵਿਚ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ:

ਹੁਣ ਘਰਾਂ ਨੂੰ ਪਰਤਣਾ ਮੁਸ਼ਕਿਲ ਬੜਾ ਹੈ
ਕੌਣ ਪਹਿਚਾਣੇਗਾ ਸਾਨੂੰ
ਮੱਥੇ ਉਤੇ ਮੌਤ ਦਸਤਖ਼ਤ ਕਰ ਗਈ ਹੈ
ਚਿਹਰੇ ਉਤੇ ਯਾਰ ਪੈੜਾਂ ਛੱਡ ਗਏ ਨੇ
ਸ਼ੀਸ਼ੇ ਵਿਚੋਂ ਹੋਰ ਕੋਈ ਝਾਕਦਾ ਹੈ
ਅੱਖਾਂ ਵਿਚ ਕੋਰੀ ਲਿਸ਼ਕ ਹੈ[10]

ਸੁਰਜੀਤ ਪਾਤਰ ਆਪਣੀ ਸ਼ਾਇਰੀ ਰਾਹੀਂ ਪੰਜਾਬ ਦੀਆਂ ਕਈ ਸਮੱਸਿਆਵਾਂ ਨੂੰ ਉਭਾਰਦਾ ਹੈ। ਪੰਜਾਬ ਤੇ ਪੰਜਾਬੀ ਸਭਿਆਚਾਰ ਦਾ ਹਰ ਮਹੱਤਵਪੂਰਨ ਵਰਤਾਰਾ ਉਸਦੀ ਸ਼ਾਇਰੀ ਦਾ ਹਿੱਸਾ ਬਣਦਾ ਹੈ। ਵੈਸੇ ਤਾਂ ਪਰਵਾਸ ਪੰਜਾਬ ਵਿੱਚ ਕੋਈ ਨਵਾਂ ਵਰਤਾਰਾ ਨਹੀਂ ਹੈ। ਪੰਜਾਬੀਆਂ ਦੁਆਰਾ ਹੋਰਨਾਂ ਮੁਲਕਾਂ ਵਿਚ ਪਰਵਾਸ ਦਾ ਲਗਭਗ ਇੱਕ ਸਦੀ ਤੋਂ ਵੀ ਵਧੀਕ ਦਾ ਇਤਿਹਾਸ ਬਣਦਾ ਹੈ ਪਰ ਸਮਕਾਲ ਵਿੱਚ ਇਹ ਰੁਝਾਨ ਲਗਾਤਾਰ ਜ਼ੋਰ ਫ਼ੜਦਾ ਜਾ ਰਿਹਾ ਹੈ ਜਿਸ ਕਾਰਨ ਅਜੋਕਾ ਪੰਜਾਬੀ ਬੰਦਾ ਇਸ ਸਥਿਤੀ ਸਦਕਾ ਹੋਂਦ ਵਿਚ ਆਏ ਇੱਕ ਨਵੇਂ ਕਿਸਮ ਦੇ ਸਮਾਜ-ਸਭਿਆਚਾਰਕ .ਯਥਾਰਥ ਸਨਮੁੱਖ ਭਮੱਤਰਿਆ ਖੜ੍ਹਾ ਹੈ। ਪਦਾਰਥਕ ਸਹੂਲਤਾਂ ਦੀ ਲਾਲਸਾ ਨੇ ਪੰਜਾਬੀ ਬੰਦੇ ਨੂੰ ਉਸਦੇ ਸਭਿਆਚਾਰ, ਬੋਲੀ, ਰਿਸ਼ਤਾ-ਨਾਤਾ ਪ੍ਰਬੰਧ ਤੋਂ ਸੱਖਣਾ ਕੀਤਾ ਹੈ। ਰਿਸ਼ਤਾ-ਨਾਤਾ ਪ੍ਰਬੰਧ ਪੰਜਾਬੀ ਸਮਾਜ ਦੀ ਚੂਲ ਹੈ। ਪੰਜਾਬੀ ਬੰਦਾ ਆਪਣੇ ਰਿਸ਼ਤਿਆਂ ਨਾਲ ਭਾਵੁਕ ਤੌਰ 'ਤੇ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ। ਇਸ ਲਈ ਪਾਤਰ ਰਿਸ਼ਤਿਆਂ ਦੀ ਵਿਆਕਰਣ ਨੂੰ ਕੇਂਦਰ ਵਿਚ ਰੱਖ ਕੇ ਪਰਵਾਸ ਦੇ ਸੰਦਰਭ ਵਿਚ ਪ੍ਰਭਾਵਸ਼ਾਲੀ ਕਵਿਤਾ ਰਚਦਾ ਹੈ। ਪੰਜਾਬੀ ਬੰਦਾ ਸੁਭਾਅ ਪੱਖੋਂ ਜਜ਼ਬਾਤੀ ਹੈ ਤੇ ਉਸਦੀ ਹੋਂਦ ਰਿਸ਼ਤਾ-ਨਾਤਾ ਪ੍ਰਬੰਧ ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਅਜੋਕੇ ਸਮੇਂ ਵਿਚ ਪਦਾਰਥਕ ਬਹੁਲਤਾ ਦੇ ਚੱਕਰ ਵਿਚ ਫ਼ਸਿਆ ਪਰਵਾਸੀ ਪੰਜਾਬੀ ਆਪਣੇ ਰਿਸ਼ਤਿਆਂ ਤੋਂ ਦੂਰ ਹੋ ਰਿਹਾ ਹੈ, ਜਿਸ ਕਾਰਨ ਉਹ ਅੰਦਰੋ ਸੱਖਣੇਪਣ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬੀਆਂ ਦਾ ਪਰਵਾਸ ਦਾ ਕਾਰਨ ਚਾਹੇ ਪਦਾਰਥਕ ਲਾਲਸਾ ਹੈ ਜਾਂ ਵਿੱਤੀ ਮਜਬੂਰੀ ਪਰ ਉਹ ਆਪਣੀ ਮੂਲ ਭੂਮੀ ਪੰਜਾਬ ਤੋਂ ਕਈ ਪੱਖਾਂ ਤੋਂ ਮੂਲੋਂ ਟੁੱਟ ਰਹੇ ਹਨ। ਪਾਤਰ ਦੀ ਗ਼ਜ਼ਲ 'ਕੁਝ ਕਿਹਾ ਤਾਂ...' ਪਰਵਾਸੀ ਬੰਦੇ ਦੀ ਬੇਬਸੀ ਤੇ ਕਰੁਣਾਮਈ ਯਥਾਰਥ ਨੂੰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਚਿਤਰਦੀ ਹੈ:

ਜੋ ਵਿਦੇਸ਼ਾਂ ;'ਚ ਰੁਲਦੇ ਨੇ ਰੋਜੀ ਲਈ

ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ[11]

ਪਰਵਾਸੀਆਂ ਦੀ ਵਿਦੇਸ਼ਾਂ ਵਿਚ ਦਸ਼ਾ ਬਾਰੇ ਬਹੁਤ ਸਾਰੀ ਪੰਜਾਬੀ ਕਵਿਤਾ ਰਚੀ ਗਈ ਹੈ ਪਰ ਪਾਤਰ ਪੰਜਾਬ ਦੀ ਦ੍ਰਿਸ਼ਟੀ ਤੋਂ ਪੰਜਾਬੀ ਪਰਵਾਸੀਆਂ ਦੀ ਸਥਿਤੀ ਨੂੰ ਰੂਪਮਾਨ ਕਰਦਾ ਹੈ। ਪਾਤਰ ਜਿੱਥੇ ਪੰਜਾਬੀ ਪਰਵਾਸ ਦੇ ਵਿਭਿੰਨ ਪਹਿਲੂਆਂ ਨੂੰ ਚਿਤਰਦਾ ਹੈ, ਉੱਥੇ ਪੰਜਾਬ ਵਿਚ ਭਾਰਤ ਦੇ ਪੂਰਬੀ ਰਾਜਾਂ ਤੋਂ ਹੋ ਰਹੇ ਬੇਰੋਕ ਆਵਾਸ ਤੇ ਉਸਦੇ ਸਿੱਟੇ ਵਜੋਂ ਪ੍ਰਗਟ ਹੋਈਆਂ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਨੂੰ ਵੀ ਪ੍ਰਗਟ ਕਰਦਾ ਹੈ। ਇਹ ਗੈਰ-ਪੰਜਾਬੀ ਲੋਕ ਪੰਜਾਬੀ ਸਮਾਜ ਤੇ ਸਭਿਆਚਾਰ ਦਾ ਹਿੱਸਾ ਬਣ ਰਹੇ ਹਨ ਅਤੇ ਖਾਸ ਕਰਕੇ ਇਨ੍ਹਾਂ ਦੇ ਬੱਚੇ ਵੱਡੇ ਪੱਧਰ 'ਤੇ ਪੰਜਾਬੀ ਸਭਿਆਚਾਰ ਦਾ ਪ੍ਰਭਾਵ ਕਬੂਲ ਕਰ ਰਹੇ ਹਨ। ਪੰਜਾਬੀਆਂ ਦਾ ਬਿਹਤਰ ਮੌਕਿਆਂ ਦੀ ਭਾਲ ਵਿਚ ਪੰਜਾਬ ਵਿਚੋਂ ਪਰਵਾਸ ਕਰਨਾ ਤੇ ਪੂਰਬੀਏ ਲੋਕਾਂ ਦਾ ਰੋਜੀ-ਰੋਟੀ ਦੀ ਭਾਲ ਵਿਚ ਪੰਜਾਬ ਆਉਣਾ, ਇਨ੍ਹਾਂ ਦੋਨ੍ਹਾਂ ਸਥਿਤੀਆਂ ਦੇ ਦਵੰਦ ਨੂੰ ਸੁਰਜੀਤ ਪਾਤਰ ਆਪਣੀ ਵਿਅੰਗਾਤਮਕ ਸ਼ੈਲੀ ਰਾਹੀਂ ਬਾਖੂਬੀ ਪ੍ਰਗਟ ਕਰਦਾ ਹੈ। ਉਸਦੀ ਕਵਿਤਾ ਅਰਦਾਸ ਇਨ੍ਹਾਂ ਗੈਰ-ਪੰਜਾਬੀ ਲੋਕਾਂ ਦੀ ਪੰਜਾਬ ਆਮਦ ਉਪਰੰਤ ਪੈਦਾ ਹੋਈਆਂ ਤਿੰਨ ਪ੍ਰਕਾਰ ਦੀਆਂ ਸਥਿਤੀਆਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਪਹਿਲੀ ਸਥਿਤੀ ਪੰਜਾਬੀਆਂ ਦੀ ਇਨ੍ਹਾਂ ਪਰਵਾਸੀ ਮਜਦੂਰਾਂ ਪ੍ਰਤੀ ਨਫ਼ਰਤ ਤੇ ਆਪਣੀ ਪੰਜਾਬੀ ਪਛਾਣ ਗੁਆਚ ਦੇ ਡਰ ਦੀ ਹੈ:

ਕਦੀ ਕਦੀ ਤਾਂ ਡਰ ਲਗਦਾ ਹੈ
ਕਿੱਧਰ ਉਡਦੀਆਂ ਜਾਂਦੀਆਂ ਨੇ ਦਸਤਾਰਾਂ[12]

ਦੂਜੀ ਸਥਿਤੀ ਇਨ੍ਹਾਂ ਪਰਵਾਸੀਆਂ ਦੀ ਪੰਜਾਬੀ ਸਭਿਆਚਾਰ ਵਿਚ ਹੋ ਰਹੀ ਸਮਾਈਕਰਨ(Assimilation) ਦੀ ਹੈ। ਇਹ ਲੋਕ ਵੱਡੇ ਪੱਧਰ 'ਤੇ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ, ਸਿੱਖ ਧਰਮ ਆਦਿ ਦਾ ਅਨੁਸਰਣ ਕਰ ਰਹੇ ਹਨ। ਪਾਤਰ ਇਸ ਸਥਿਤੀ ਬਾਰੇ ਲਿਖਦਾ ਹੈ:

ਸ਼ਾਮ ਪਈ ਭਈਆਂ ਦੇ ਬੱਚੇ
ਸਿਰ ਤੇ ਫਟੇ ਪਰੋਂਲੇ ਧਰ ਕੇ
ਗੁਰੂਦੁਆਰੇ ਆ ਬਹਿੰਦੇ ਨੇ

ਨਾਲ ਨਾਲ ਪੜ੍ਹਦੇ ਨੇ ਬਾਣੀ[13]

ਤੀਜੀ ਸਥਿਤੀ 'ਸਰਬਸਾਂਝੀਵਾਲਤਾ' ਦੀ ਹੈ ਜਿਥੇ ਇਨ੍ਹਾਂ ਲੋਕਾ ਪ੍ਰਤੀ ਨਫ਼ਰਤ ਦੀ ਬਜਾਇ ਸਭਨਾਂ ਲਈ ਸੁੱਖ-ਸ਼ਾਂਤੀ ਦੀ ਅਰਦਾਸ ਹੋਣ ਲੱਗਦੀ ਹੈ। ਇਸ ਕਿਸਮ ਦੇ ਰਵੱਈਏ ਪਿੱਛੇ ਸਿੱਖ ਫ਼ਲਸਫਾ ਤੇ ਪੰਜਾਬੀ ਸਭਿਆਚਾਰ ਦੀ ਦੂਜੇ ਸਭਿਆਚਾਰਾਂ ਨੂੰ ਬਹੁਤ ਜਲਦ ਪ੍ਰਵਾਨ ਕਰਨ ਲੈਣ ਦੀ ਖ਼ਸਲਤ ਕੰਮ ਕਰਦੀ ਹੈ। ਪਾਤਰ ਦੀ ਸ਼ਾਇਰੀ ਵਿਚੋਂ ਪੰਜਾਬੀਆਂ ਦਾ ਉਹ ਬਿੰਬ ਝਲਕਦਾ ਹੈ ਜਿਸ ਅਨੁਸਾਰ ਉਹ ਇਨ੍ਹਾਂ ਗੈਰ-ਪੰਜਾਬੀ ਪਰਵਾਸੀਆਂ ਪ੍ਰਤੀ ਨਸਲੀ ਵਿਤਕਰੇ (Racial Discrimination) ਦੀ ਬਜਾਇ ਸਦਭਾਵਨਾ ਤੇ ਹਮਦਰਦੀ ਦੀ ਪਹੁੰਚ ਅਪਣਾਉਂਦੇ ਹਨ:

ਜਾਂ ਫਿਰ ਸਾਰੀ ਧਰਤੀ ਇਕ ਹੋ ਜਾਏ
ਕੋਈ ਨਾ ਕਹੇ ਪਰਾਏ
ਇਹ ਮੇਰੀ ਅਰਦਾਸ
ਨਾਨਕ ਨਾਮ ਚੜਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।[14]

ਪਾਤਰ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਬਹੁਤ ਖ਼ੂਬਸੂਰਤ ਗ਼ਜ਼ਲਾਂ, ਨਜ਼ਮਾਂ ਦੀ ਰਚਨਾ ਕੀਤੀ ਹੈ। ਇਹ ਸ਼ਾਇਰੀ ਸਿਰਫ਼ ਕਵੀ ਦੇ ਭਾਵਾਂ ਦੀ ਅਭਿਵਿਅਤੀ ਨਹੀਂ ਹੈ ਸਗੋਂ ਇਹ ਉਸ ਚੇਤੰਨ ਪੰਜਾਬੀ ਭਾਈਚਾਰੇ ਦੀ ਤਰਜ਼ਮਾਨੀ ਵੀ ਕਰਦੀ ਹੈ ਜੋ ਆਪਣੀ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਦਾ ਹੈ। ਪੰਜਾਬੀ ਆਪਣੀ ਬੋਲੀ ਤੇ ਸਭਿਆਚਾਰ ਪ੍ਰਤੀ ਵਧੇਰੇ ਸੰਵੇਦਨਸ਼ੀਲ ਹਨ। ਇਸ ਲਈ ਜਦੋਂ ਇਨ੍ਹਾਂ ਦੀ ਬੋਲੀ, ਸਭਿਆਚਾਰ ਆਦਿ ਨੂੰ ਕੋਈ ਹੋਂਦਮੂਲਕ ਚੁਣੌਤੀ ਦਰਪੇਸ਼ ਆਉਂਦੀ ਹੈ ਤਾਂ ਇਨ੍ਹਾਂ ਦਾ ਰਵੱਈਆ ਹਿੰਸਾਤਮਕ ਤੇ ਪ੍ਰਤੀਕਿਰਿਆਵਾਦੀ ਹੋ ਜਾਂਦਾ ਹੈ। ਖਾਸ ਕਰਕੇ ਪੰਜਾਬੀ ਭਾਸ਼ਾ ਦੇ ਸੰਦਰਭ ਵਿਚ ਜਦੋਂ ਕੋਈ ਸੰਕਟ ਖੜ੍ਹਾਂ ਹੁੰਦਾ ਹੈ ਤਾਂ ਪੰਜਾਬੀ ਲੇਖਕ/ਚਿੰਤਕ ਤੇ ਪੰਜਾਬੀ ਕਾਰਕੁੰਨ ਇਸ ਪ੍ਰਤੀ ਆਪਣੀ ਵੱਖੋ-ਵੱਖਰੀ ਪ੍ਰਤਿਕਿਰਿਆ ਜਾਹਰ ਕਰਦੇ ਹਨ। ਪੰਜਾਬੀ ਭਾਸ਼ਾ ਦੇ ਹੱਕ ਵਿਚ ਭੜਕੀਲੇ ਭਾਸ਼ਣਾਂ ਤੋਂ ਲੈ ਕੇ ਸਾਈਨ ਬੋਰਡਾਂ ਤੇ ਹਿੰਦੀ ਤੇ ਅੰਗਰੇਜੀ 'ਤੇ ਕਾਲਖ਼ ਮਲ ਕੇ ਪੰਜਾਬੀ ਆਪਣੇ ਗੁੱਸੇ ਦਾ ਇਜ਼ਹਾਰ ਕਰਦੇ ਹਨ। ਪੰਜਾਬ ਵਿਚ ਕਿਸੇ ਸਮੇਂ ਭਾਸ਼ਾ ਦੀ ਸਿਆਸਤ ਬੜੀ ਸਰਗਰਮ ਰਹੀ ਹੈ ਜਿਸ ਦੇ ਸਿੱਟੇ ਵਜੋਂ ਪੰਜਾਬ ਦਾ ਪੁਨਰਗਠਨ ਹੋ ਕੇ ਅਜੋਕਾ ਪੰਜਾਬ ਹੋਂਦ ਵਿਚ ਆਇਆ। ਪੰਜਾਬ ਵਿਚ ਪੰਜਾਬੀ ਬੋਲੀ ਦੀ ਦਸ਼ਾ ਤੇ ਦਿਸ਼ਾ ਨੂੰ ਸਹੀ ਸੰਦਰਭ ਵਿਚ ਸਮਝਣ

ਤੋਂ ਬਾਅਦ ਹੀ ਪਾਤਰ ਦੁਆਰਾ ਮਾਂ-ਬੋਲੀ ਲਈ ਰਚਿਤ ਕਵਿਤਾਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਨ। "ਕੋਈ ਵੀ ਵਰਤਾਰਾ ਖਲਾਅ ਵਿਚੋਂ ਉਤਪੰਨ ਨਹੀਂ ਹੁੰਦਾ, ਉਹ ਹਮੇਸ਼ਾ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ ਦੀ ਦੇਣ ਹੁੰਦਾ ਹੈ। ਇਸ ਲਈ ਉਸ ਵਰਤਾਰੇ ਦੀ ਸਮਝ ਲਈ ਇਤਿਹਾਸਕ ਪਰਿਪੇਖ ਦੀ ਮਹੱਤਤਾ ਬਹੁਤ ਜਰੂਰੀ ਹੁੰਦੀ ਹੈ। ਇਤਿਹਾਸਕ ਪਰਿਪੇਖ ਤੋਂ ਮੁਕਤ ਕਰ ਕੇ ਜਦੋਂ ਕਿਸੇ ਵਰਤਾਰੇ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਸਦੇ ਅੰਤਰਮੁਖੀ, ਉਲਾਰ, ਭਾਵੁਕ ਅਤੇ ਤਰਕਰਹਿਤ ਹੋਣ ਦਾ ਸਬੱਬ ਬਣਿਆ ਰਹਿੰਦਾ ਹੈ।"[15] ਉਹ ਪੰਜਾਬ ਦੀਆਂ ਉਨ੍ਹਾਂ ਅੰਗਰੇਜ਼ੀ ਮੀਡੀਅਮ ਵਿਦਿਅਕ ਸੰਸਥਾਵਾਂ 'ਤੇ ਵੀ ਆਪਣੀ ਤਿੱਖੀ ਕਾਵਿ-ਭਾਸ਼ਾ ਜ਼ਰੀਏ ਬੜੇ ਵਿਅੰਗਾਤਮਕ ਢੰਗ ਨਾਲ ਚੋਟ ਕਰਦਾ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਤੋਂ ਰੋਕਦੇ ਹਨ:

ਮੈਂ ਸੁਣਿਆਂ ਹੈ ਇਸ ਧਰਤੀ ਤੇ
ਇਕ ਅਜੇਹਾ ਦੇਸ਼ ਵੀ ਹੈ,
ਜਿੱਥੇ ਬੱਚਿਆਂ ਨੂੰ ਆਪਣੀ ਹੀ
ਮਾਂ ਬੋਲੀ ਬੋਲਣ ਤੇ ਜੁਰਮਾਨਾ ਹੁੰਦਾ ਹੈ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਹ ਉਨ੍ਹਾਂ ਮੋਹਰੀ ਸੂਬਿਆਂ ਵਿਚੋਂ ਹੈ ਜੋ ਭਾਰਤ ਨੂੰ ਵਧੇਰੇ ਮਾਤਰਾ ਵਿਚ ਅੰਨ ਮੁਹੱਈਆ ਕਰਵਾਉਂਦੇ ਹਨ। ਕਿਸੇ ਸਮੇਂ ਪੰਜਾਬ ਆਪਣੀ ਅੱਵਲ ਦਰਜੇ ਦੀ ਖੇਤੀਬਾੜੀ ਕਰਕੇ ਖੁਸ਼ਹਾਲ ਸੂਬਾ ਸੀ। ਖੇਤੀਬਾੜੀ ਲਈ ਇਹ ਭੂਮੀ ਬਹੁਤ ਜਰਖੇਜ਼ ਰਹੀ ਹੈ। ਇੱਥੇ ਹੋਰ ਵੀ ਬਹੁਤ ਸਾਰੇ ਕਿੱਤੇ ਸਨ ਪਰ ਖੇਤੀ ਨੂੰ ਉੱਤਮ ਤੇ ਲਾਹੇਵੰਦ ਕੰਮ ਮੰਨਿਆ ਜਾਂਦਾ ਸੀ:

ਉੱਤਮ ਖੇਤੀ ਮੱਧਮ ਵਪਾਰ
ਨਖਿੱਧ ਚਾਕਰੀ, ਭੀਖ ਗਵਾਰ

ਪਾਤਰ ਪੰਜਾਬ ਦੇ ਉਸ ਯਥਾਰਥ ਨੂੰ ਪੇਸ਼ ਕਰਦਾ ਹੈ ਜੋ ਖੇਤੀ ਸੰਬੰਧੀ ਪੰਜਾਬ ਦੇ ਉਪਰੋਕਤ ਬਿੰਬ ਦਾ ਭੰਜਕ ਬਣਦਾ ਹੈ। ਉਸਦੀ ਸ਼ਾਇਰੀ ਖੇਤੀ ਪ੍ਰਧਾਨ ਸੂਬੇ ਦੀ ਤਲਖ਼ ਹਕੀਕਤ ਨੂੰ ਮਾਰਮਿਕ ਸ਼ੈਲੀ ਵਿਚ ਰੂਪਮਾਨ ਕਰਦੀ ਹੈ। ਕਿਸਾਨਾਂ ਨੂੰ ਆਮ ਤੌਰ 'ਤੇ 'ਅੰਨਦਾਤਾ' ਦੇ ਲਕਬ ਨਾਲ ਨਿਵਾਜਿਆ ਜਾਂਦਾ ਹੈ। ਅੰਨ ਜੀਵਨ ਦਾ ਆਧਾਰ ਹੈ। ਪਰ ਕਵੀ ਇਸ ਪ੍ਰਤੀਕ ਨੂੰ ਨਵੇਂ ਤੇ ਵਿਅੰਗਾਤਮਕ ਸੰਦਰਭ ਵਿਚ ਪੇਸ਼ ਕਰਦਾ ਹੈ। ਉਸਦੀ ਸ਼ਾਇਰੀ ਖੇਤੀ ਸੰਬੰਧੀ ਪੰਜਾਬ ਦੇ ਖੌਫ਼ਨਾਕ ਯਥਾਰਥ ਨੂੰ ਸਿਰਜਦੀ ਹੈ। ਖੇਤੀ ਜੀਵਨ ਦੀ ਪ੍ਰਤੀਕ ਹੈ ਪਰ ਪਾਤਰ

ਪੰਜਾਬ ਦੀ ਤਲਖ਼ ਹਕੀਕਤ ਨੂੰ ਰੂਪਮਾਨ ਕਰਨ ਲਈ ਇਸਦੇ ਸਮਵਿੱਥ 'ਖੁਦਕੁਸ਼ੀ' ਦੇ ਪ੍ਰਤੀਕ ਨੂੰ ਉਘਾੜਦਾ ਹੈ:

ਅਸੀ ਖੇਤ ਜੋ ਖੁਸ਼ੀਆਂ ਬੀਜੀਆਂ
ਬਣ ਖੁਦਕੁਸ਼ੀਆਂ ਕਿਉਂ ਉੱਗੀਆਂ[16]

ਇੱਥੇ ਖੁਦਕੁਸ਼ੀ ਮਹਿਜ਼ ਇੱਕ ਸ਼ਾਬਦਿਕ ਘਾੜਤ ਨਹੀਂ ਹੈ ਜੋ ਕਵੀ ਨੇ ਆਪਣੀ ਸ਼ਾਇਰੀ ਵਿਚ ਮਨਮਰਜੀ ਨਾਲ ਫਿੱਟ ਕਰ ਲਈ, ਇਹ ਇੱਕ ਅਜਿਹਾ ਵਰਤਾਰਾ ਹੈ ਜੋ ਸਾਡੇ ਸਮਕਾਲ ਦਾ ਸਭ ਤੋਂ ਵੱਡਾ ਸੱਚ ਹੈ। ਇਸ ਪ੍ਰਕਾਰ ਸ਼ਾਇਰ ਇੱਕ ਹਰੇ-ਭਰੇ ਖੇਤਾਂ ਵਾਲੇ ਖੁਸ਼ਹਾਲ ਪੰਜਾਬ ਦੇ ਪ੍ਰੰਪਰਾਗਤ ਬਿੰਬ ਦਾ ਖੰਡਨ ਕਰਦਾ ਹੋਇਆ ਇੱਕ ਅਜਿਹੇ ਪੰਜਾਬ ਦੇ ਬਿੰਬ ਨੂੰ ਉਭਾਰਦਾ ਹੈ ਜਿੱਥੇ ਖੇਤਾਂ ਵਿਚੋਂ ਫਸਲਾਂ ਨਹੀਂ 'ਖੁਦਕੁਸ਼ੀਆਂ' ਉੱਗਦੀਆਂ ਹਨ। ਪੰਜਾਬ ਦਾ ਇਹ ਵਰਤਾਰਾ ਖੌਫ਼ਨਾਕ ਹੈ। ਪਾਤਰ ਪੰਜਾਬ ਦੀ ਸਥਿਤੀ ਦੇ ਪ੍ਰਸਤੁਤੀਕਰਨ (Representation Of The Situation) ਤਕ ਮਹਿਦੂਦ ਨਹੀਂ ਰਹਿੰਦਾ ਸਗੋਂ ਉਹ ਸਾਡੇ ਸਨਮੁੱਖ ਇੱਕ ਸਵਾਲ ਵੀ ਖੜ੍ਹਾ ਕਰਦਾ ਹੈ।

ਸੋ, ਸੁਰਜੀਤ ਪਾਤਰ ਦੀ ਸਮੁੱਚੀ ਸ਼ਾਇਰੀ ਦੇ ਅਧਿਐਨ ਤੋਂ ਬਾਅਦ ਕੁਝ ਮਹੱਤਵਪੂਰਨ ਨੁਕਤੇ ਉਭਰਦੇ ਹਨ ਜੋ ਉਸਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਿਰਮੌਰ ਸ਼ਾਇਰ ਵਜੋਂ ਸਥਾਪਿਤ ਕਰਦੇ ਹਨ। ਉਹ ਪੰਜਾਬ ਦੇ ਲਗਭਗ ਹਰ ਪ੍ਰਮੁੱਖ ਮਸਲੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਦਾ ਹੈ। ਉਹ ਆਪਣੀ ਸ਼ਾਇਰੀ ਵਿਚ ਸਮਕਾਲੀ ਪੰਜਾਬ ਦਾ ਜੋ ਬਿੰਬ ਉਘਾੜਦਾ ਹੈ, ਉਸ ਨਾਲ ਪੰਜਾਬ ਪ੍ਰਤੀ ਕਈ ਪ੍ਰੰਪਰਾਗਤ ਤੇ ਮਸਨੂਈ ਮਿੱਥਾਂ ਦਾ ਵਿਸਫੋਟ ਹੁੰਦਾ ਹੈ। ਉਸਦੀ ਸ਼ਾਇਰੀ ਪੰਜਾਬ ਬਾਰੇ ਕਈ ਵਿਕੋਲਿਤਰੇ ਪੱਖਾਂ ਨੂੰ ਪਰਤ ਦਰ ਪਰਤ ਉਘਾੜਦੀ ਚਲੀ ਜਾਂਦੀ ਹੈ। ਇੱਕ ਹਰੇ-ਭਰੇ, ਖੁਸ਼ਹਾਲ, ਪੰਜ ਦਰਿਆਵਾਂ ਵਾਲੇ ਸੂਰਬੀਰ ਪੰਜਾਬ ਦੀ ਥਾਂ ਪਾਤਰ ਨਿਰੰਤਰ ਮਰ ਰਹੇ, ਹਿੰਸਾਗ੍ਰਸਤ, ਬੇਰੋਕ ਆਵਾਸ-ਪਰਵਾਸ ਦਾ ਸ਼ਿਕਾਰ, ਬੇਰੁਜ਼ਗਾਰੀ ਦਾ ਝੰਬਿਆਂ, ਨਸ਼ਿਆਂ ਵਿਚ ਗਲਤਾਨ, ਸੰਕਟਗ੍ਰਸਤ ਖੇਤੀ, ਪਾਣੀ-ਸੰਕਟ ਨਾਲ ਜੂਝਦੇ ਪ੍ਰਦੂਸ਼ਿਤ ਪੰਜਾਬ ਨੂੰ ਲਿਆ ਕੇ ਸਾਡੇ ਸਨਮੁੱਖ ਰੱਖ ਦਿੰਦਾ ਹੈ। ਉਸਦੀ ਸ਼ਾਇਰੀ ਵਿਚ ਪੰਜਾਬ ਦੇ ਅਜਿਹੇ ਬਿੰਬ ਦੀ ਪੇਸ਼ਕਾਰੀ ਕੋਈ ਅਤਿਕਥਨੀ ਨਹੀਂ ਹੈ ਸਗੋਂ ਇਹ ਸਾਡੇ ਸਰਾਪੇ ਸਮਿਆਂ ਦਾ ਵਿਕਰਾਲ ਸੱਚ ਹੈ। ਪੰਜਾਬ ਦੀ ਅਜਿਹੀ ਤ੍ਰਾਸ਼ਦਿਕ ਸਥਿਤੀ ਲਈ ਕੋਈ ਹੋਰ ਨਹੀਂ ਬਲਕਿ ਪੰਜਾਬੀ ਖੁਦ ਹੀ ਜਿੰਮੇਵਾਰ ਹਨ, " ਮੇਰੀ ਹੱਤਿਆਂ ਕਿਸੇ ਹੱਥੋਂ ਨਹੀਂ ਹੋਈ, ਮੈਂ ਆਤਮਘਾਤ ਕੀਤਾ ਹੈ।" ਇੱਥੇ ਪਾਤਰ ਪੰਜਾਬੀ ਪਾਠਕਾਂ/ਸ੍ਰੋਤਿਆਂ

ਲਈ ਕਈ ਸਵਾਲ ਛੱਡ ਜਾਂਦਾ ਹੈ ਜਿਸ ਬਾਰੇ ਗੰਭੀਰ ਚਿੰਤਨ ਦੀ ਲੋੜ ਹੈ। ਉਸਦੀ ਸ਼ਾਇਰੀ ਪੰਜਾਬ ਬਾਰੇ ਸਿਰਫ਼ ਨਕਾਰਾਤਮਕ ਵਿਚਾਰਾਂ ਨਾਲ ਲਬਰੇਜ਼ ਨਹੀਂ ਹੈ ਸਗੋਂ ਇਹ ਪੰਜਾਬ ਦੇ ਬਿਹਤਰ ਭਵਿੱਖ ਪ੍ਰਤੀ ਆਸਵੰਦ ਵੀ ਹੈ। ਇਹ ਪਾਠਕਾਂ/ਸ੍ਰੋਤਿਆਂ ਵਿਚ ਇੱਕ ਸਕਾਰਾਤਮਕ ਊਰਜਾ ਦਾ ਸੰਚਾਰ ਕਰਦੀ ਹੈ, ਜਦੋਂ ਉਹ ਕਹਿੰਦਾ ਹੈ ਕਿ:-

> ਪਰ ਜਿਹੜੇ ਇਕ ਦਿਨ ਹੋਵਣਗੇ
> ਰਾਗ/ਸ਼ਾਇਰੀ/ਹੁਸਨ
> ਮੁਹੱਬਤ ਅਤੇ ਨਿਆਂ
> ਮੇਰੇ ਪੰਜਾਂ ਦਰਿਆਵਾਂ ਦੇ ਨਾਂ।[17]

ਪਾਤਰ-ਕਾਵਿ ਦੀ ਇਹ ਖਾਸੀਅਤ ਹੈ ਕਿ ਇਹ ਘਟਨਾਵਾਂ/ਵਰਤਾਰਿਆਂ ਦੀ ਮਹਿਜ਼ ਪੇਸ਼ਕਾਰੀ ਨਹੀਂ ਕਰਦਾ ਬਲਕਿ ਪਾਠਕਾਂ/ਸ੍ਰੋਤਿਆਂ ਨੂੰ ਇੱਕ ਆਸ, ਸੁਪਨਾ, ਆਦਰਸ਼ ਪ੍ਰਦਾਨ ਕਰਦਾ ਹੈ। ਇਹ ਪੰਜਾਬ ਦੀ ਦਸ਼ਾ ਨੂੰ ਸੁਧਾਰਣ ਲਈ ਪੰਜਾਬੀਆਂ ਨੂੰ ਇੱਕ ਮਾਰਗ ਵੀ ਸੁਝਾਉਂਦਾ ਹੈ, ਜਦੋਂ ਉਹ ਲਿਖਦਾ ਹੈ: ਮਿਠਾਸ ਝੂਠ ਦੀ ਪੀ ਪੀ ਨਾ ਟੁੱਟਣਾ ਸ਼ਹਿਰ ਦਾ ਤਾਪ, ਲਿਆ ਸੱਚ ਦੀ ਕੌੜੀ ਕਿਤੋਂ ਜੇ ਕੁਨੀਨ ਮਿਲੇ। ਇੱਥੇ ਪਾਤਰ ਪੰਜਾਬੀਆਂ ਨੂੰ ਫੋਕੀ ਵਾਹ-ਵਾਹ ਦੀ ਬਜਾਇ ਪੰਜਾਬ ਦੀ ਅਸਲੀਅਤ ਦੇ ਸਨਮੁੱਖ ਹੋਣ ਦੀ ਸਲਾਹ ਦਿੰਦਾ ਹੈ। ਪੰਜਾਬ ਦਾ ਸਮਕਾਲੀਨ ਯਥਾਰਥ ਜਿੰਨਾ ਤਲਖ਼ ਹੈ, ਇਸ ਤਲਖੀ ਦਾ ਨਿਵਾਰਣ ਵੀ 'ਕੌੜੀ ਕੁਨੀਨ' ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਪੰਜਾਬੀਆਂ ਨੂੰ ਸਵੈ-ਪੜ੍ਹਚੋਲ ਤੇ ਆਤਮ-ਚਿੰਤਨ ਦੇ ਨਾਲ ਨਾਲ ਪੰਜਾਬ ਦੀ ਭਲਾਈ ਲਈ ਕੁਝ ਸਖ਼ਤ ਕਦਮ ਉਠਾਉਣ ਦੀ ਲੋੜ ਹੈ ਜਿਸ ਵੱਲ ਪਾਤਰ ਦੀ ਉਪਰੋਕਤ ਸ਼ਾਇਰੀ ਇਸ਼ਾਰਾ ਕਰ ਰਹੀ ਹੈ।

---

[1] ਡਾ.ਯੋਗਰਾਜ, *ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਦੂਜਾ ਸੰਸਕਰਣ, 2014, ਪੰਨਾ 65.

[2] ਸਤਿੰਦਰ ਸਿੰਘ ਨੂਰ, *ਸਮਕਾਲੀ ਸਾਹਿਤ ਦੇ ਸਰੋਕਾਰ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ 120-121.

[3] ਸੁਰਜੀਤ ਪਾਤਰ, ਹਵਾ ਵਿੱਚ ਲਿਖੇ ਹਰਫ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 26

[4] ਕੇਸਰ ਸਿੰਘ ਕੇਸਰ, *ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 116.

[5] ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2018, ਪੰਨਾ 12

[6] ਡਾ.ਸਰਬਜੀਤ ਸਿੰਘ, *ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014, ਪੰਨਾ 101.

[7] ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 87

[8] ਸੁਰਜੀਤ ਪਾਤਰ, ਹਨੇਰੇ ਵਿਚ ਸੁਲਗਦੀ ਵਰਨਮਾਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ 11

[9] ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 89

[10] ਸੁਰਜੀਤ ਪਾਤਰ, ਹਨੇਰੇ ਵਿਚ ਸੁਲਗਦੀ ਵਰਨਮਾਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ 14

[11] ਸੁਰਜੀਤ ਪਾਤਰ, ਹਵਾ ਵਿੱਚ ਲਿਖੇ ਹਰਫ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 30

[12] ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2018, ਪੰਨਾ 19

[13] ਓਹੀ, ਪੰਨਾ 19

[14] ਉਹੀ, ਪੰਨਾ 20

[15] ਡਾ.ਸਰਬਜੀਤ ਸਿੰਘ, *ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014, ਪੰਨਾ 23.

[16] ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2018, ਪੰਨਾ 55

[17] ਉਹੀ, ਪੰਨਾ 17